# ਇੰਪਲੋਇਮੈਂਟ ਸਟੈਂਡਰਡਜ਼
# (ਰੁਜ਼ਗਾਰ ਦੇ ਮਿਆਰ)
# ਕਰਮਚਾਰੀਆਂ ਦੀ ਸੁਰੱਖਿਆ

ਇੰਪਲੋਇਮੈਂਟ ਸਟੈਂਡਰਡਜ਼ ਐਕਟ, 2000, ਜਿਸਨੂੰ ਈ. ਐਸ. ਏ. ਕਿਹਾ ਜਾਂਦਾ ਹੈ, ਇਕ ਕਾਨੂੰਨ ਹੈ, ਜਿਸ ਵਿੱਚ ਆਂਟੇਰੀਓ ਵਿੱਚ ਕੰਮ ਕਰਨ ਦੀ ਥਾਂ ਲਈ ਘੱਟੋ-ਘੱਟ ਮਿਆਰ ਨਿਸ਼ਚਤ ਕੀਤੇ ਗਏ ਹਨ।

ਜੇਕਰ ਤੁਸੀਂ ਈ. ਐਸ. ਏ. ਦੀ ਸੁਰੱਖਿਆ ਹੇਠ ਆਉਂਦੇ ਹੋ, ਤਾਂ ਸਿਰਫ਼ ਇਸ ਕਰਕੇ ਕਿਉਂਕਿ ਤੁਸੀਂ ਆਪਣੇ ਅਧਿਕਾਰਾਂ ਬਾਰੇ ਪੁੱਛਿਆ ਹੈ ਜਾਂ ਅਧਿਕਾਰਾਂ ਦੀ ਮੰਗ ਕੀਤੀ ਹੈ, ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ:

- ਡਰਾ ਧਮਕਾ ਨਹੀਂ ਸਕਦਾ
- ਨੌਕਰੀ ਤੋਂ ਹਟਾ ਨਹੀਂ ਸਕਦਾ
- ਮੁਅੱਤਲ ਨਹੀਂ ਕਰ ਸਕਦਾ
- ਘੱਟ ਤਨਖ਼ਾਹ ਨਹੀਂ ਦੇ ਸਕਦਾ
- ਕਿਸੇ ਤਰੀਕੇ ਨਾਲ ਸਜ਼ਾ ਨਹੀਂ ਦੇ ਸਕਦਾ, ਜਾਂ
- ਇਨ੍ਹਾਂ ਵਿੱਚੋਂ ਕਿਸੇ ਵੀ ਕਾਰਵਾਈ ਦੀ ਧਮਕੀ ਨਹੀਂ ਦੇ ਸਕਦਾ।

## ਮੇਰੇ ਰੋਜ਼ਗਾਰਦਾਤਾ ਦਾ ਕਹਿਣਾ ਹੈ ਕਿ ਮੈਂ ਈ. ਐਸ. ਏ. ਦੇ ਘੇਰੇ ਹੇਠ ਨਹੀਂ ਹਾਂ। ਕੀ ਇਹ ਸੱਚ ਹੈ?

ਜੇ ਤੁਸੀਂ ਆਂਟੇਰੀਓ ਵਿੱਚ ਕੰਮ ਕਰਦੇ ਹੋ, ਤਾਂ ਤੁਸੀਂ ਸੰਭਵ ਤੌਰ 'ਤੇ ਈ. ਐਸ. ਏ. ਦੀ ਸੁਰੱਖਿਆ ਹੇਠ ਹੋ। ਈ. ਐਸ. ਏ. ਦੇ ਘੇਰੇ ਵਿੱਚ ਫ਼ੈਡਰਲ ਕਰਮਚਾਰੀ ਅਤੇ ਹੋਰ ਵਿਸ਼ੇਸ਼ ਵਰਗਾਂ ਦੇ ਕੁਝ ਕਰਮਚਾਰੀ ਨਹੀਂ ਆਉਂਦੇ। ਕਨੂੰਨ ਅਧੀਨ ਕੁਝ ਕਰਮਚਾਰੀਆਂ ਲਈ ਵਿਸ਼ੇਸ਼ ਨਿਯਮ ਹਨ ਅਤੇ ਕੁਝ ਅਪਵਾਦ ਹਨ।

ਇਹ ਪਤਾ ਲਾਉਣ ਲਈ ਕਿਰਤ ਮੰਤਰਾਲੇ ਨਾਲ ਸੰਪਰਕ ਕਰੋ ਕਿ ਤੁਸੀਂ ਕਿਵੇਂ ਈ. ਐਸ. ਏ. ਦੁਆਰਾ ਸੁਰੱਖਿਅਤ ਹੋ।

## ਮੇਰੇ ਕੀ ਅਧਿਕਾਰ ਹਨ?

ਕਈ ਅਧਿਕਾਰ ਈ. ਐਸ. ਏ. ਦੇ ਅਧੀਨ ਆਉਂਦੇ ਹਨ, ਜਿਨ੍ਹਾਂ ਵਿੱਚ ਹੇਠ ਸ਼ਾਮਲ ਹਨ:

- ਕੰਮ ਦੇ ਘੰਟੇ
- ਘੱਟੋ-ਘੱਟ ਉਜਰਤ
- ਓਵਰਟਾਈਮ ਦੀ ਤਨਖ਼ਾਹ
- ਉਜਰਤਾਂ ਦੀ ਅਦਾਇਗੀ
- ਜਨਤਕ ਛੁੱਟੀਆਂ ਅਤੇ ਵਕੇਸ਼ਨ
- ਨਿੱਜੀ ਸੰਕਟਕਾਲੀ ਛੁੱਟੀ
- ਪਰਿਵਾਰਕ ਮੈਡੀਕਲ ਛੁੱਟੀ
- ਜਣੇਪੇ ਲਈ ਜਾਂ ਮਾਤਾ-ਪਿਤਾ ਬਣਨ 'ਤੇ ਛੁੱਟੀ
- ਨੌਕਰੀ ਖ਼ਤਮ ਕਰਨ ਦਾ ਨੋਟਿਸ

ਈ. ਐਸ. ਏ. ਦੇ ਅਧੀਨ ਆਪਣੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਲਈ ਮਿਨਿਸਟਰੀ ਆਫ਼ ਲੇਬਰ ਨਾਲ ਸੰਪਰਕ ਕਰੋ।

## ਮੈਨੂੰ ਆਪਣੇ ਅਧਿਕਾਰਾਂ ਦੀ ਮੰਗ ਕਰਨ ਬਦਲੇ ਸਜ਼ਾ ਦਿੱਤੀ ਗਈ। ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਰੋਜ਼ਗਾਰਦਾਤਾ ਨੇ ਤੁਹਾਨੂੰ ਈ. ਐਸ. ਏ. ਦੇ ਤਹਿਤ ਆਪਣੇ ਅਧਿਕਾਰਾਂ ਬਾਰੇ ਪੁੱਛਣ ਜਾਂ ਉਨ੍ਹਾਂ ਦੀ ਮੰਗ ਕਰਨ ਬਦਲੇ ਸਜ਼ਾ ਦਿੱਤੀ ਹੈ, ਤਾਂ ਜਿੰਨੀ ਛੇਤੀ ਹੋ ਸਕੇ ਮਿਨਿਸਟਰੀ ਆਫ਼ ਲੇਬਰ ਨਾਲ ਸੰਪਰਕ ਕਰੋ।

ਮੰਤਰਾਲੇ ਦਾ ਸਟਾਫ਼ ਆਪਣੇ ਅਧਿਕਾਰਾਂ ਨੂੰ ਸਮਝਣ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ, ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਅਤੇ ਤੁਹਾਡੀ ਸ਼ਿਕਾਇਤ ਦੀ ਜਾਂਚ ਕਰ ਸਕਦਾ ਹੈ। ਤੁਹਾਡਾ ਰੋਜ਼ਗਾਰਦਾਤਾ ਤੁਹਾਡੇ ਵੱਲੋਂ ਆਪਣੇ ਅਧਿਕਾਰਾਂ ਬਾਰੇ ਮਿਨਿਸਟਰੀ ਆਫ਼ ਲੇਬਰ ਨਾਲ ਗੱਲ ਕਰਨ ਬਦਲੇ ਤੁਹਾਨੂੰ ਸਜ਼ਾ ਨਹੀਂ ਦੇ ਸਕਦਾ।

**ਧਿਆਨ ਦਵੋ:** ਯੂਨੀਅਨ ਦੇ ਮੈਂਬਰ ਕਰਮਚਾਰੀਆਂ ਨੂੰ, ਜੇ ਉਹ ਸਮਝਣ ਕਿ ਉਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ, ਮਿਨਿਸਟਰੀ ਆਫ਼ ਲੇਬਰ ਨਾਲ ਸੰਪਰਕ ਕਰਨ ਤੋਂ ਪਹਿਲਾਂ ਆਪਣੇ ਯੂਨੀਅਨ ਨੁਮਾਇੰਦੇ ਨਾਲ ਗੱਲ ਕਰਨੀ ਚਾਹੀਦੀ ਹੈ।

## ਮੈਨੂੰ ਕਿਸ ਚੀਜ਼ ਦੀ ਜ਼ਰੂਰਤ ਹੋਵੇਗੀ?

ਮਿਨਿਸਟਰੀ ਆਫ਼ ਲੇਬਰ ਨਾਲ ਸੰਪਰਕ ਕਰਨ ਤੋਂ ਪਹਿਲਾਂ ਆਪਣੀ ਨੌਕਰੀ ਅਤੇ ਰੋਜ਼ਗਾਰਦਾਤਾ ਬਾਰੇ ਹਰ ਸੂਚਨਾ ਜਿਵੇਂ ਕਿ ਪੇਅ ਸਟੱਬਜ਼ (ਤਨਖ਼ਾਹ ਦੀਆਂ ਪਰਚੀਆਂ) ਇਕੱਠੀਆਂ ਕਰਨ ਦੀ ਕੋਸ਼ਿਸ਼ ਕਰੋ, ਜਿਸ ਨਾਲ ਤੁਹਾਡੀ ਸਮੱਸਿਆ ਨੂੰ ਸਪੱਸ਼ਟ ਕਰਨ ਵਿੱਚ ਮਦਦ ਮਿਲੇ।

## ਲੇਬਰ ਮਨਿੱਸਟਰੀ ਕਿਵੇਂ ਸਹਾਇਤਾ ਕਰ ਸਕਦਾ ਹੈ?

ਜੇ ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਆਪਣੇ ਅਧਿਕਾਰਾਂ ਬਾਰੇ ਪੁੱਛਣ ਜਾਂ ਉਨ੍ਹਾਂ ਦੀ ਮੰਗ ਕਰਨ ਬਦਲੇ ਸਜ਼ਾ ਦਿੰਦਾ ਹੈ, ਤਾਂ ਇੰਪਲੋਇਮੈਂਟ ਸਟੈਂਡਰਡਜ਼ ਅਫ਼ਸਰ ਤੁਹਾਡੇ ਰੋਜ਼ਗਾਰਦਾਤਾ ਨੂੰ ਹੁਕਮ ਦੇ ਸਕਦਾ ਹੈ, ਕਿ ਉਹ ਤੁਹਾਨੂੰ ਮੁਆਵਜ਼ਾ ਦੇਵੇ ਜਾਂ ਤੁਹਾਨੂੰ ਵਾਪਸ ਨੌਕਰੀ 'ਤੇ ਲਵੇ। ਇਹ ਅਫ਼ਸਰ ਤੁਹਾਡੇ ਰੋਜ਼ਗਾਰਦਾਤਾ ਨੂੰ, ਜੇ ਤੁਹਾਡੀ ਕੋਈ ਉਜਰਤ ਦੇਣੀ ਬਣਦੀ ਹੋਵੇ, ਤਾਂ ਉਹ ਅਦਾ ਕਰਨ ਦਾ ਹੁਕਮ ਵੀ ਦੇ ਸਕਦਾ ਹੈ।

ਮਿਨਿਸਟਰੀ ਆਫ਼ ਲੇਬਰ ਤੁਹਾਡੇ ਰੋਜ਼ਗਾਰਦਾਤਾ 'ਤੇ ਦੋਸ਼ ਲਾ ਸਕਦੀ ਹੈ ਅਤੇ ਉਸਨੂੰ ਟਿਕਟ ਦੇ ਸਕਦੀ ਹੈ। ਕਸੂਰਵਾਰ ਸਾਬਤ ਹੋਣ 'ਤੇ ਤੁਹਾਡੇ ਰੋਜ਼ਗਾਰਦਾਤਾ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਜੇਲ੍ਹ ਵਿੱਚ ਭੇਜਿਆ ਜਾ ਸਕਦਾ ਹੈ।

### ਉਦਾਹਰਣ:

ਮਾਰੀਆ ਨੂੰ ਪਤਾ ਲੱਗਾ ਕਿ ਉਸ ਨੂੰ ਘੱਟੋ-ਘੱਟ ਉਜਰਤ ਤੋਂ ਘੱਟ ਤਨਖ਼ਾਹ ਦਿੱਤੀ ਜਾ ਰਹੀ ਹੈ। ਉਸ ਨੇ ਆਪਣੇ ਮੈਨੇਜਰ ਨੂੰ ਇਸਦਾ ਕਾਰਨ ਪੁੱਛਿਆ। ਕੁਝ ਦਿਨਾਂ ਬਾਅਦ ਮਾਰੀਆਂ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਮਾਰੀਆ ਦਾ ਖ਼ਿਆਲ ਹੈ ਕਿ ਉਸਨੂੰ ਇਸ ਲਈ ਨੌਕਰੀ 'ਚੋਂ ਕਢਿਆ ਗਿਆ ਕਿ ਉਸ ਨੇ ਆਪਣੇ ਈ. ਐਸ. ਏ. ਅਧਿਕਾਰਾਂ ਬਾਰੇ ਪੁੱਛਿਆ ਸੀ। ਮਾਰੀਆ ਨੇ ਕਲੇਮ ਦਾਖ਼ਲ ਕੀਤਾ ਅਤੇ ਇਸ ਦੀ ਜਾਂਚ-ਪੜਤਾਲ ਕੀਤੀ ਗਈ।

ਉਸ ਨੇ ਇਮਪਲੌਇਮੈਂਟ ਸਟੈਂਡਰਡਜ਼ ਇਨਫ਼ਾਰਮੇਸ਼ਨ ਸੈਂਟਰ ਨੂੰ ਫ਼ੋਨ ਕੀਤਾ ਅਤੇ ਆਪਣੀ ਸਮੱਸਿਆ ਦੱਸੀ। ਲੇਬਰ ਮਿਨਿਸਟਰੀ ਦੇ ਸਟਾਫ਼ ਨੇ ਮਾਰੀਆ ਨੂੰ ਉਸ ਦੇ ਅਧਿਕਾਰਾਂ ਬਾਰੇ ਸਪੱਸ਼ਟ ਕਰਕੇ ਦੱਸਿਆ ਅਤੇ ਉਸ ਦੀ ਸ਼ਿਕਾਇਤ ਦੀ ਜਾਂਚ ਕੀਤੀ।

ਮਾਰੀਆ ਦੇ ਰੋਜ਼ਗਾਰਦਾਤਾ ਨੂੰ ਮਾਰੀਆ ਨੂੰ ਵਾਪਸ ਨੌਕਰੀ 'ਤੇ ਲੈਣ, ਉਸ ਦੀ ਬਣਦੀ ਉਜਰਤ ਅਦਾ ਕਰਨ ਅਤੇ ਉਸਦੀ ਤਨਖ਼ਾਹ ਵਧਾ ਕੇ ਘੱਟੋ-ਘੱਟ ਉਜਰਤ ਜਿੰਨੀ ਕਰਨ ਦਾ ਹੁਕਮ ਦਿੱਤਾ ਗਿਆ।

## ਕੀ ਮੈਨੂੰ ਕਲੇਮ ਪੇਸ਼ ਕਰਨਾ ਚਾਹੀਦਾ ਹੈ?

ਇੰਪਲੌਇਮੈਂਟ ਸਟੈਂਡਰਡਜ਼ ਇਨਫਾਰਮੇਸ਼ਨ ਸੈਂਟਰ ਨਾਲ ਸੰਪਰਕ ਕਰੋ। ਸਾਡੇ ਨਾਲ ਗੱਲ ਕਰਨ ਤੋਂ ਬਾਅਦ ਤੁਸੀਂ ਕਲੇਮ ਪੇਸ਼ ਕਰਨ ਦਾ ਫ਼ੈਸਲਾ ਕਰ ਸਕਦੇ ਹੋ।

ਕਲੇਮ, ਤੁਹਾਡੀ ਸ਼ਿਕਾਇਤ ਦੀ ਇਕ ਲਿਖਤੀ ਵਿਆਖਿਆ ਹੁੰਦੀ ਹੈ, ਜਿਸ ਵਿੱਚ ਤੁਹਾਡੇ, ਤੁਹਾਡੀ ਨੌਕਰੀ ਅਤੇ ਤੁਹਾਡੇ ਰੋਜ਼ਗਾਰਦਾਤਾ ਬਾਰੇ ਮਹੱਤਵਪੂਰਨ ਸੂਚਨਾ ਸ਼ਾਮਲ ਹੁੰਦੀ ਹੈ।

ਕਲੇਮ ਫ਼ਾਰਮ ਸਰਵਿਸ ਆਂਟੇਰੀਓ ਸੈਂਟਰਜ਼ ਅਤੇ ਮਿਨਿਸਟਰੀ ਆਫ਼ ਲੇਬਰ ਦੀ ਵੈਬਸਾਈਟ www.labour.gov.on.ca 'ਤੇ ਆਨਲਾਈਨ ਉਪਲਬਧ ਹਨ।

ਕਲੇਮ ਮੁਫ਼ਤ ਦਾਖ਼ਲ ਕਰਵਾਏ ਜਾਂਦੇ ਹਨ।

## ਮਿਨਿਸਟਰੀ ਆਫ਼ ਲੇਬਰ ਨਾਲ ਸੰਪਰਕ ਕਰੋ

**ਇੰਪਲੋਇਮੈਂਟ ਸਟੈਂਡਰਡਜ਼ ਇਨਫਾਰਮੇਸ਼ਨ ਸੈਂਟਰ ਨੂੰ 416-326-7160, 1-800-531-5551 (ਟੋਲ ਫ੍ਰੀ) ਜਾਂ ਘੱਟ ਸੁਣਨ ਵਾਲਿਆਂ ਲਈ TTY 1-866-567-8893 'ਤੇ ਫ਼ੋਨ ਕਰੋ।** ਜੇ ਤੁਸੀਂ ਅੰਗਰੇਜ਼ੀ ਜਾਂ ਫ਼ਰੈਂਚ ਨਹੀਂ ਬੋਲਦੇ ਤਾਂ ਕਿਰਪਾ ਕਰਕੇ ਕਿਸੇ ਨੂੰ ਲੱਭੋ ਜੋ ਬੋਲ ਸਕਦਾ ਹੋਏ ਅਤੇ ਜਦੋਂ ਤੁਸੀਂ ਫ਼ੋਨ ਕਰੋ ਉਨ੍ਹਾਂ ਨੂੰ ਨਾਲ ਰੱਖੋ।

ਈ. ਐਸ. ਏ. ਦੁਆਰਾ ਰੱਖਿਅਤ ਕੀਤੇ ਜਾਣ ਵਾਲੇ ਹੱਕਾਂ ਬਾਰੇ ਵਿਸਤ੍ਰਿਤ ਜਾਣਕਾਰੀ ਦੇਣ ਵਾਲੇ ਪ੍ਰਕਾਸ਼ਨਾਂ ਨੂੰ ਆਨਲਾਈਨ ਦੇਖਣ ਲਈ ਮਿਨਿਸਟਰੀ ਆਫ਼ ਲੇਬਰ ਦੀ ਵੈਬਸਾਈਟ www.labour.gov.on.ca 'ਤੇ ਇੰਪਲੌਇਮੈਂਟ ਸਟੈਂਡਰਡਜ਼ ਸੈਕਸ਼ਨ ਵਿੱਚ ਜਾਓ।

*ਇਹ ਸੂਚਨਾ ਇਕ ਜਨਤਕ ਸੇਵਾ ਵਜੋਂ ਪ੍ਰਦਾਨ ਕੀਤੀ ਗਈ ਹੈ। ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਦਾ ਜਤਨ ਕਰਦੇ ਹਾਂ ਕਿ ਸੂਚਨਾ ਜਿੱਥੋਂ ਤਕ ਹੋ ਸਕੇ, ਤਾਜ਼ਾ ਅਤੇ ਸਹੀ ਹੋਵੇ, ਪਰ ਫਿਰ ਵੀ ਕਦੀ ਕਦਾਈਂ ਗ਼ਲਤੀਆਂ ਹੋ ਜਾਂਦੀਆਂ ਹਨ। ਇਸ ਲਈ ਅਸੀਂ ਸੂਚਨਾ ਦੇ ਸਹੀ ਹੋਣ ਦੀ ਗਾਰੰਟੀ ਨਹੀਂ ਦੇ ਸਕਦੇ। ਪਾਠਕਾਂ ਨੂੰ, ਜਿੱਥੇ ਕਿਤੇ ਸੰਭਵ ਹੋਵੇ, ਸੂਚਨਾ ਦੀ ਤਸਦੀਕ ਕਰਨੀ ਚਾਹੀਦੀ ਹੈ ਅਤੇ ਫਿਰ ਹੀ ਇਸ 'ਤੇ ਅਮਲ ਕਰਨਾ ਚਾਹੀਦਾ ਹੈ।*

esa
employment standards act

©Queen's Printer for Ontario, 2008
Printed in Canada
ISBN 1-4249-1139-X (Print)
ISBN 1-4249-1140-3 (HTML)
ISBN 1-4249-1141-1 (PDF)

Punjabi
"Protecting Employees" is also available in English, French, and other languages.
« Protection des employés » est également disponible en anglais, en français et en d'autres langues.